**ਵਿਸ਼ਾ - ਪੰਜਾਬੀ** **ਪਾਠ - 24** **ਜਮਾਤ - ਛੇਵੀਂ**

# ਵੱਡੇ ਕੰਮ ਦੀ ਭਾਲ

## I. ਹੇਠ ਦਿੱਤੇ ਪੈਰੇ ਨੂੰ ਪੜ੍ਹ ਕੇ 1 ਤੋਂ 5 ਤੱਕ ਪ੍ਰਸ਼ਨਾਂ ਦੇ ਉੱਤਰ ਦਿਓ:

ਭੰਗਾਣੀ ਦੇ ਯੁੱਧ ਵਿਚ ਭਾਈ ਘਨੱਈਏ ਨੇ ਲੋੜਵੰਦਾਂ ਨੂੰ ਪਾਣੀ ਪਿਆਉਣ ਦੀ ਸੇਵਾ ਦਾ ਕੰਮ ਸੰਭਾਲ ਲਿਆ। ਲੋੜਵੰਦਾਂ ਲਈ ਪਛਾਣ ਬਣਾਈ ਰੱਖਣ ਖ਼ਾਤਰ ਭਾਈ ਘਨੱਈਏ ਨੇ ਚਿੱਟੇ ਕੱਪੜੇ ਪਾ ਲਏ। ਉਹਨੇ ਮੋਢੇ ਨਾਲ਼ ਪਾਣੀ ਦੀ ਭਰੀ ਹੋਈ ਮਸ਼ਕ ਲਟਕਾ ਲਈ ਤੇ ਚਿੱਟਾ ਝੰਡਾ ਹੱਥ ਵਿੱਚ ਫੜ ਲਿਆ। ਕਈ ਵਾਰ ਥੱਕੇ-ਹਾਰੇ ਅਤੇ ਤੇਹ ਦੇ ਮਾਰੇ ਹੋਏ ਸਿਪਾਹੀ ਭਾਈ ਘਨੱਈਏ ਕੋਲ ਪਹੁੰਚ ਕੇ ਪਾਣੀ ਮੰਗਦੇ। ਬਿਨਾਂ ਕਿਸੇ ਵਿਤਕਰੇ ਤੋਂ ਉਨ੍ਹਾਂ ਨੂੰ ਪੀਣ ਲਈ ਠੰਡਾ ਪਾਣੀ ਮਿਲਦਾ। ਉਹ ਤਾਜ਼ਾ-ਦਮ ਹੋ ਕੇ ਮੁੜ ਲੜਾਈ ਵਿੱਚ ਕੁੱਦ ਪੈਂਦੇ। ਹੌਲੀ-ਹੌਲੀ ਲੜਾਈ ਮਘਦੀ ਗਈ। ਲੜਾਈ ਦੇ ਮੈਦਾਨ ਵਿੱਚ ਦੂਰ ਤੱਕ ਲਾਸ਼ਾਂ ਖਿੱਲਰੀਆਂ ਹੋਈਆਂ ਵਿਖਾਈ ਦੇਣ ਲੱਗ ਪਈਆਂ। ਜ਼ਖ਼ਮੀਆਂ ਦੀ ਪੁਕਾਰ ਅਤੇ ਜੰਗੀ ਹਥਿਆਰਾਂ ਦੀ ਆਵਾਜ਼ ਨੇ ਕੰਨ ਬੋਲੇ ਕੀਤੇ ਹੋਏ ਸਨ।

ਪ੍ਰਸ਼ਨ 1. ਭੰਗਾਣੀ ਦੇ ਯੁੱਧ ਵਿਚ ਭਾਈ ਘਨੱਈਏ ਜੀ ਨੇ ਲੋੜਵੰਦਾਂ ਦੀ ਕੀ ਸੇਵਾ ਕੀਤੀ?

ਉੱਤਰ - (ੳ) ਰੋਟੀ ਖਵਾਉਣ ਦੀ

(ਅ) ਪਾਣੀ ਪਿਆਉਣ ਦੀ

(ੲ) ਹਥਿਆਰ ਵੰਡਣ ਦੀ

(ਸ) ਉਪਰੋਕਤ ਵਿੱਚੋਂ ਕੋਈ ਨਹੀਂ।

ਪ੍ਰਸ਼ਨ 2. ਲੋੜਵੰਦਾਂ ਲਈ ਪਛਾਣ ਬਣਾਈ ਰੱਖਣ ਖਾਤਰ ਭਾਈ ਘਨੱਈਏ ਨੇ ਕਿਸ ਰੰਗ ਦੇ ਕੱਪੜੇ ਪਾਏ?

ਉੱਤਰ - (ੳ) ਹਰੇ ਰੰਗ ਦੇ

(ਅ) ਨੀਲੇ ਰੰਗ ਦੇ

(ੲ) ਪੀਲੇ ਰੰਗ ਦੇ

(ਸ) ਚਿੱਟੇ ਰੰਗ ਦੇ।

ਪ੍ਰਸ਼ਨ 3. ਭਾਈ ਘਨੱਈਆ ਜੀ ਯੁੱਧ ਵਿੱਚ ਪਾਣੀ ਲਿਜਾਣ ਲਈ ਕਿਸ ਬਰਤਨ ਦੀ ਵਰਤੋਂ ਕਰਦੇ ਸਨ?

ਉੱਤਰ - (ੳ) ਮਸ਼ਕ

(ਅ) ਘੜਾ

(ੲ) ਘੜੀ

(ਸ) ਕੋਈ ਨਹੀਂ।

ਪ੍ਰਸ਼ਨ 4. ਭਾਈ ਘਨੱਈਆ ਜੀ ਪਾਣੀ ਦੀ ਮਸ਼ਕ ਨੂੰ ਯੁੱਧ ਤੱਕ ਕਿਸ ਤਰ੍ਹਾਂ ਲੈ ਕੇ ਜਾਂਦੇ ਸਨ?

ਉੱਤਰ - (ੳ) ਮੋਢੇ 'ਤੇ ਲਟਕਾ ਕੇ

(ਅ) ਘੋੜੇ 'ਤੇ ਰੱਖ ਕੇ

(ੲ) ਗੱਡੇ 'ਤੇ ਰੱਖ ਕੇ

(ਸ) ਕੋਈ ਹੋਰ

ਪ੍ਰਸ਼ਨ 5. ਭਾਈ ਘਨੱਈਆ ਜੀ ਯੁੱਧ ਵਿੱਚ ਕਿਨ੍ਹਾਂ ਨੂੰ ਪਾਣੀ ਪਿਆਉਂਦੇ ਸਨ?

ਉੱਤਰ - (ੳ) ਕੇਵਲ ਸਿੱਖਾਂ ਨੂੰ

(ਅ) ਕੇਵਲ ਵਿਰੋਧੀਆਂ ਨੂੰ

(ਏ) ਬਿਨਾਂ ਕਿਸੇ ਵਿਤਕਰੇ ਦੇ ਲੋੜਵੰਦਾਂ ਨੂੰ

(ਸ) ਕੋਈ ਹੋਰ

## II. ਹੇਠ ਦਿੱਤੇ ਪੈਰੇ ਨੂੰ ਪੜ੍ਹ ਕੇ 6 ਤੋਂ 10 ਤੱਕ ਪ੍ਰਸ਼ਨਾਂ ਦੇ ਉੱਤਰ ਦਿਓ:

ਗੁਰੂ ਗੋਬਿੰਦ ਸਿੰਘ ਜੀ ਕੋਲ ਭਾਈ ਘਨੱਈਆ ਦੀਆਂ ਸ਼ਿਕਾਇਤਾਂ ਪਹੁੰਚੀਆਂ ਸਨ। ਸ਼ਿਕਾਇਤਾਂ ਇਹ ਸਨ ਕਿ ਉਹ ਦੁਸ਼ਮਣ ਦੇ ਸਿਪਾਹੀਆਂ ਨੂੰ ਵੀ ਪਾਣੀ ਪਿਆਉਂਦਾ ਸੀ। ਇੱਕ ਸਿੱਖ ਨੇ ਤਾਂ ਇੱਥੋਂ ਤੱਕ ਵੀ ਦੱਸਿਆ ਕਿ ਉਹ ਦੁਸ਼ਮਣ ਸਿਪਾਹੀਆਂ ਦੇ ਜ਼ਖ਼ਮਾਂ ਉੱਤੇ ਪੱਟੀਆਂ ਵੀ ਬੰਨ੍ਹ ਦਿੰਦਾ ਸੀ। ਸ਼ਿਕਾਇਤਾਂ ਸੁਣਦਿਆਂ ਗੁਰੂ ਜੀ ਦੇ ਬੁੱਲ੍ਹਾਂ ਉੱਤੇ ਨਿੰਮ੍ਹੀ-ਨਿੰਮ੍ਹੀ ਮੁਸਕਰਾਹਟ ਖੇਡਦੀ ਰਹੀ। ਸ਼ਿਕਾਇਤਾਂ ਸੁਣਨ ਤੋਂ ਪਿੱਛੋਂ ਉਹਨਾਂ ਜਵਾਬ ਲਈ ਭਾਈ ਘਨੱਈਆ ਵੱਲ ਵੇਖਿਆ। ਭਾਈ ਘਨੱਈਏ ਨੇ ਦੋਵੇਂ ਹੱਥ ਜੋੜ ਕੇ ਨਿਮਰਤਾ ਨਾਲ਼ ਉੱਤਰ ਦਿੱਤਾ, "ਸੱਚੇ ਪਾਤਸ਼ਾਹ! ਮੈਂ ਜਿਸ-ਜਿਸ ਨੂੰ ਵੀ ਪਾਣੀ ਪਿਆਇਆ ਹੈ, ਉਹਨਾਂ ਵਿੱਚੋਂ ਮੈਨੂੰ ਕੋਈ ਵੀ ਦੁਸ਼ਮਣ ਵਿਖਾਈ ਨਹੀਂ ਦਿੱਤਾ। ਉਹ ਸਭ ਰੱਬ ਦੇ ਬੰਦੇ ਸਨ ਅਤੇ ਲੋੜਵੰਦ ਸਨ। ਤੁਸਾਂ ਹੀ ਤਾਂ ਆਖਿਆ ਸੀ ਕਿ ਮੈਂ ਲੜਾਈ ਵਿੱਚ ਲੋੜਵੰਦਾਂ ਨੂੰ ਪਾਣੀ ਪਿਆਵਾਂ। ਮੈਨੂੰ ਤਾਂ ਸਗੋਂ ਉਹਨਾਂ ਵਿੱਚ ਤੁਹਾਡਾ ਅਕਸ ਹੀ ਦਿਸਦਾ ਰਿਹਾ ਹੈ।"

ਪ੍ਰਸ਼ਨ 6. ਗੁਰੂ ਗੋਬਿੰਦ ਸਿੰਘ ਜੀ ਕੋਲ ਕਿਸ ਦੀਆਂ ਸ਼ਿਕਾਇਤਾਂ ਪਹੁੰਚੀਆਂ ਸਨ?

ਉੱਤਰ - (ੳ) ਮੁਗਲਾਂ ਦੀਆਂ

(ਅ) ਭਾਈ ਘਨੱਈਆ ਦੀਆਂ

(ੲ) ਸਿਪਾਹੀਆਂ ਦੀਆਂ

(ਸ) ਕੋਈ ਹੋਰ

ਪ੍ਰਸ਼ਨ 7. ਸ਼ਿਕਾਇਤਾਂ ਸੁਣਦਿਆਂ ਗੁਰੂ ਜੀ ਦੇ ਚਿਹਰੇ ਅਤੇ ਬੁੱਲਾਂ ਦੇ ਭਾਵ ਕਿਸ ਪ੍ਰਕਾਰ ਦੇ ਸਨ?

ਉੱਤਰ - (ੳ) ਗੁੱਸੇ ਵਾਲ਼ੇ

(ਅ) ਦੁੱਖ ਵਾਲ਼ੇ

(ੲ) ਮੁਸਕਰਾਹਟ ਵਾਲ਼ੇ

(ਸ) ਕੋਈ ਹੋਰ

ਪ੍ਰਸ਼ਨ 8. ਗੁਰੂ ਜੀ ਨੇ ਸ਼ਿਕਾਇਤਾਂ ਸੁਣਨ ਤੋਂ ਪਿੱਛੋਂ ਜਵਾਬ ਲਈ ਕਿਸ ਵੱਲ ਵੇਖਿਆ?

ਉੱਤਰ - (ੳ) ਸਿਪਾਹੀਆਂ ਵੱਲ

(ਅ) ਸ਼ਿਕਾਇਤ ਕਰਨ ਵਾਲੇ ਵੱਲ

(ੲ) ਭਾਈ ਘਨੱਈਆ ਜੀ ਵੱਲ

(ਸ) ਸੰਗਤ ਵੱਲ

ਪ੍ਰਸ਼ਨ 9. ਭਾਈ ਘਨੱਈਏ ਨੇ ਉੱਤਰ ਦੇਣ ਸਮੇਂ ਗੁਰੂ ਜੀ ਨੂੰ ਕਿੰਨ੍ਹਾਂ ਸ਼ਬਦਾਂ ਨਾਲ਼ ਸੰਬੋਧਨ ਕੀਤਾ?

ਉੱਤਰ - (ੳ) ਗੁਰੂ ਜੀ

(ਅ) ਸੱਚੇ ਪਾਤਸ਼ਾਹ

(ੲ) ਗੁਰੂ ਸਾਹਿਬਾਨ ਜੀ

(ਸ) ਕੋਈ ਹੋਰ

ਪ੍ਰਸ਼ਨ 10. ਭਾਈ ਘਨੱਈਆ ਜੀ ਨੂੰ ਲੜਾਈ ਵਿੱਚ ਲੋੜਵੰਦਾਂ ਨੂੰ ਪਾਣੀ ਪਿਆਉਣ ਲਈ ਕਿਸ ਨੇ ਆਖਿਆ ਸੀ?

ਉੱਤਰ - (ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ

(ਅ) ਸਿੱਖਾਂ ਨੇ

(ੲ) ਮਾਤਾ-ਪਿਤਾ ਨੇ

(ਸ) ਲੋੜਵੰਦਾਂ ਨੇ

## III. ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਦੀ ਚੋਣ ਕਰੋ:

ਪ੍ਰਸ਼ਨ 11. ਇਹ (।) ਕਿਹੜਾ ਵਿਸਰਾਮ ਚਿੰਨ ਹੈ?

ਉੱਤਰ - (ੳ) ਵਿਸਮਿਕ

(ਅ) ਡੰਡੀ

(ੲ) ਡੈਸ਼

(ਸ) ਜੋੜਨੀ

ਪ੍ਰਸ਼ਨ 12. 'ਘਨੱਈਆ' ਕਿਸ ਪ੍ਰਕਾਰ ਦਾ ਨਾਂਵ ਹੈ?

ਉੱਤਰ - (ੳ) ਆਮ ਨਾਂਵ

(ਅ) ਖਾਸ ਨਾਂਵ

(ੲ) ਇਕੱਠਵਾਚਕ ਨਾਂਵ

(ਸ) ਭਾਵਵਾਚਕ ਨਾਂਵ

ਪ੍ਰਸ਼ਨ 13. 'ਸ਼ਿਕਾਇਤ' ਸ਼ਬਦ ਦਾ ਵਚਨ ਬਦਲੋ।

ਉੱਤਰ - (ੳ) ਸ਼ਿਕਾਇਤਾਂ

(ਅ) ਸਿਕਾਇਤੇ

(ੲ) ਸਿਕਾਇਤੋਂ

(ਸ) ਸ਼ਿਕਾਇਤ

ਪ੍ਰਸ਼ਨ 14. ਭਾਈ ਘਨੱਈਏ ਨੇ ........ ਨੂੰ ਪਾਣੀ ਪਿਆਉਣ ਦੀ ਸੇਵਾ ਦਾ ਕੰਮ ਸੰਭਾਲ ਲਿਆ।

ਉੱਤਰ - (ੳ) ਗਰੀਬਾਂ

(ਅ) ਸਿਪਾਹੀਆਂ

(ੲ) ਸਿੱਖਾਂ

(ਸ) ਲੋੜਵੰਦਾਂ

ਪ੍ਰਸ਼ਨ 15. ਘਨੱਈਏ ਨੇ ਦੋਵੇਂ ਹੱਥ ਜੋੜ ਕੇ ......ਨਾਲ਼ ਉੱਤਰ ਦਿੱਤਾ।

ਉੱਤਰ - (ੳ) ਨਿਮਰਤਾ

(ਅ) ਸਿਆਣਪ

(ੲ) ਦਲੇਰੀ

(ਸ) ਬਹਾਦਰੀ

ਪ੍ਰਸ਼ਨ 16. ਪਾਠ 'ਵੱਡੇ ਕੰਮ ਦੀ ਭਾਲ' ਦੇ ਅਧਾਰ 'ਤੇ ਸਹੀ/ਗਲਤ ਦੱਸੋ।

ਉੱਤਰ - ਭਾਈ ਘਨੱਈਆ ਜਖਮੀ ਸਿਪਾਹੀਆਂ ਦੇ ਜ਼ਖ਼ਮਾਂ ਉੱਤੇ ਪੱਟੀਆਂ ਵੀ ਬੰਨ੍ਹ ਦਿੰਦਾ ਸੀ। ਸਹੀ

ਪ੍ਰਸ਼ਨ 17. ਨਿਮਰਤਾ ਸ਼ਬਦ ਦਾ ਕੀ ਅਰਥ ਹੈ?

ਉੱਤਰ - (ੳ) ਗਿਆਨ

(ਅ) ਹਲੀਮੀ

(ੲ) ਪਿਆਰ

(ਸ) ਖੁਸ਼ੀ

ਪ੍ਰਸ਼ਨ 18. ਭਾਈ ਘਨੱਈਆ ਜੀ ਦੇ ਪਿੰਡ ਦਾ ਕੀ ਨਾਂ ਸੀ ?

ਉੱਤਰ - ਸੋਧਰਾ ।

ਪ੍ਰਸ਼ਨ 19. ਭਾਈ ਘਨੱਈਆ ਦੀ ਮਾਂ ਨੇ ਕੀ ਸਲਾਹ ਦਿੱਤੀ?

ਉੱਤਰ - ਕੋਈ ਵੱਡਾ ਕੰਮ ਕਰਨ ਦੀ ।

ਪ੍ਰਸ਼ਨ 20. ਮੁਸਾਫ਼ਰ ਭਾਈ ਘਨੱਈਆ ਦੇ ਕਿਹੜੇ ਗੁਣਾਂ ਤੋਂ ਪ੍ਰਭਾਵਿਤ ਹੋਇਆ ?

ਉੱਤਰ - ਸਾਦਗੀ ਅਤੇ ਨਿਰਛਲਤਾ ਤੋਂ ।

ਤਿਆਰ ਕਰਤਾ - ਗੁਰਨਾਮ ਸਿੰਘ

ਡੀ.ਐੱਮ. ਪੰਜਾਬੀ ਜਿਲ੍ਹਾ ਸ੍ਰੀ ਮੁਕਤਸਰ

ਵਿਸ਼ਾ - ਪੰਜਾਬੀ **ਪਾਠ - 25** ਜਮਾਤ - ਛੇਵੀਂ

# ਭਾਰਤ ਰਤਨ ਡਾ: ਭੀਮ ਰਾਓ ਅੰਬੇਦਕਰ

## I. ਹੇਠ ਦਿੱਤੇ ਪੈਰੇ ਨੂੰ ਪੜ੍ਹ ਕੇ 1 ਤੋਂ 6 ਤੱਕ ਪ੍ਰਸ਼ਨਾਂ ਦੇ ਉੱਤਰ ਦਿਓ:

ਭਾਰਤ ਆਜ਼ਾਦ ਹੋਇਆ ਤਾਂ ਉਹਨਾਂ ਨੂੰ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਬਣਾਇਆ ਗਿਆ। ਡਾ: ਭੀਮ ਰਾਓ ਨੇ ਇਸ ਪਦ 'ਤੇ ਕੰਮ ਕਰਦਿਆਂ ਦਲਿਤ ਸਮਾਜ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਭਰਪੂਰ ਉਪਰਾਲੇ ਕੀਤੇ। ਉਨ੍ਹਾਂ ਨੇ ਭਾਰਤ ਦਾ ਸੰਵਿਧਾਨ ਲਿਖਿਆ ਜੋ 26 ਜਨਵਰੀ 1950 ਨੂੰ ਲਾਗੂ ਹੋਇਆ। ਜੀਵਨ ਦੇ ਅੰਤਲੇ ਦਿਨਾਂ ਵਿਚ ਉਹ ਬੁੱਧ ਧਰਮ ਦੀ ਸ਼ਰਨ ਵਿੱਚ ਚਲੇ ਗਏ। ਉਹ ਮਹਾਨ ਸਮਾਜ ਸੁਧਾਰਕ, ਕਾਨੂੰਨਦਾਨ ਅਤੇ ਫ਼ਿਲਾਸਫਰ ਹੋਏ ਹਨ। ਡਾ: ਭੀਮ ਰਾਓ ਅੰਬੇਦਕਰ ਦੇ ਸੌ ਸਾਲਾ ਜਨਮ ਦਿਵਸ ਉੱਤੇ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ 'ਭਾਰਤ ਰਤਨ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ।

**ਪ੍ਰਸ਼ਨ 1. ਅਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਕੌਣ ਸਨ?**

ਉੱਤਰ - (ੳ) ਡਾ: ਮਨਮੋਹਨ ਸਿੰਘ

(ਅ) ਡਾ: ਭੀਮ ਰਾਓ ਅੰਬੇਦਕਰ

(ੲ) ਮਹਾਤਮਾ ਗਾਂਧੀ

(ਸ) ਗਿਆਨੀ ਜੈਲ ਸਿੰਘ।

**ਪ੍ਰਸ਼ਨ 2. ਡਾ: ਭੀਮ ਰਾਓ ਅੰਬੇਦਕਰ ਨੇ ਕਿਸ ਦਾ ਜੀਵਨ ਪੱਧਰ ਉੱਚਾ ਚੁੱਕਣ ਦੇ ਉਪਰਾਲੇ ਕੀਤੇ ਸਨ?**

ਉੱਤਰ - (ੳ) ਦਲਿਤ ਸਮਾਜ

(ਅ) ਅੰਗਹੀਣ ਲੋਕ

(ੲ) ਔਰਤਾਂ

(ਸ) ਪੱਛੜੀਆਂ ਸ਼੍ਰੇਣੀਆਂ।

**ਪ੍ਰਸ਼ਨ 3. ਭਾਰਤ ਦਾ ਸੰਵਿਧਾਨ ਕਿਸ ਨੇ ਲਿਖਿਆ?**

ਉੱਤਰ - (ੳ) ਪੰਡਤ ਜਵਾਹਰ ਲਾਲ ਨਹਿਰੂ

(ਅ) ਗੋਪੀ ਚੰਦ ਭਾਰਗਵ

(ੲ) ਰਬਿੰਦਰ ਨਾਥ ਟੈਗੋਰ

(ਸ) ਡਾਕਟਰ ਭੀਮ ਰਾਓ ਅੰਬੇਦਕਰ।

**ਪ੍ਰਸ਼ਨ 4. ਜੀਵਨ ਦੇ ਅੰਤਲੇ ਦਿਨਾਂ ਵਿਚ ਡਾ: ਭੀਮ ਰਾਓ ਅੰਬੇਦਕਰ ਨੇ ਕਿਹੜਾ ਧਰਮ ਅਪਣਾਇਆ?**

ਉੱਤਰ - (ੳ) ਹਿੰਦੂ ਧਰਮ

(ਅ) ਬੁੱਧ ਧਰਮ

(ੲ) ਜੈਨ ਧਰਮ

(ਸ) ਸਿੱਖ ਧਰਮ।

**ਪ੍ਰਸ਼ਨ 5. ਡਾ: ਭੀਮ ਰਾਓ ਅੰਬੇਦਕਰ ਦੇ ਕਿੰਨਵੇਂ ਜਨਮ ਦਿਵਸ 'ਤੇ ਉਨ੍ਹਾਂ ਨੂੰ 'ਭਾਰਤ ਰਤਨ' ਦੀ ਉਪਾਧੀ ਦਿੱਤੀ ਗਈ?**

ਉੱਤਰ - (ੳ) 51 ਵੇਂ

(ਅ) 60 ਸਾਲਾ

(ੲ) 100 ਸਾਲਾ

(ਸ) 35 ਸਾਲਾ।

**ਪ੍ਰਸ਼ਨ 6. ਕਿਹੜੀ ਸਰਕਾਰ ਵੱਲੋਂ ਭੀਮ ਰਾਓ ਅੰਬੇਦਕਰ ਨੂੰ 'ਭਾਰਤ ਰਤਨ' ਦਿੱਤਾ ਗਿਆ?**

ਉੱਤਰ - (ੳ) ਪੰਜਾਬ ਸਰਕਾਰ

(ਅ) ਦਲਿਤ ਸਮਾਜ

(ੲ) ਭਾਰਤ ਸਰਕਾਰ

(ਸ) ਰਾਸ਼ਟਰੀ ਸੰਘ।

**ਪ੍ਰਸ਼ਨ 7. ਡਾ: ਭੀਮ ਰਾਓ ਅੰਬੇਦਕਰ ਜੀ ਦਾ ਜਨਮ ਕਦੋਂ ਹੋਇਆ?**

ਉੱਤਰ - (ੳ) 14 ਅਪ੍ਰੈਲ 1891

(ਅ) 10 ਅਪ੍ਰੈਲ 1991

(ੲ) 14 ਅਪ੍ਰੈਲ 1439

(ਸ) 15 ਅਪ੍ਰੈਲ 1897

**ਪ੍ਰਸ਼ਨ 8. ਡਾ: ਭੀਮ ਰਾਓ ਅੰਬੇਦਕਰ ਜੀ ਦੇ ਮਾਤਾ ਜੀ ਦਾ ਨਾਂ ਕੀ ਸੀ?**

ਉੱਤਰ - (ੳ) ਮਾਇਆਵਤੀ

(ਅ) ਲੀਲਾ ਦੇਵੀ

(ੲ) ਭੀਮਾ ਬਾਈ

(ਸ) ਵਿਦਿਆਵਤੀ।

**ਪ੍ਰਸ਼ਨ 9. ਡਾ: ਭੀਮ ਰਾਓ ਅੰਬੇਦਕਰ ਜੀ ਦੇ ਪਿਤਾ ਦਾ ਕੀ ਨਾਂ ਸੀ?**

ਉੱਤਰ - (ੳ) ਦਾਸ ਜੀ

(ਅ) ਸ: ਨੰਦ ਸਿੰਘ

(ੲ) ਰਾਮ ਜੀ

(ਸ) ਰਾਮ ਸਿੰਘ।

**ਪ੍ਰਸ਼ਨ 10. ਡਾ: ਭੀਮ ਰਾਓ ਅੰਬੇਦਕਰ ਜੀ ਦੇ ਪਿੰਡ ਦਾ ਕੀ ਨਾਂ ਸੀ?**

ਉੱਤਰ - (ੳ) ਸਤਾਰਾ

(ਅ) ਅੰਬਾਵਡੇ

(ੲ) ਅੰਬਾਲਾ

(ਸ) ਕਾਸ਼ੀਪੁਰ।

**ਪ੍ਰਸ਼ਨ 11. ਡਾ: ਭੀਮ ਰਾਓ ਅੰਬੇਦਕਰ ਜੀ ਦੇ ਨਾਂ ਨਾਲ ਅੰਬੇਦਕਰ ਕਿਸ ਨੇ ਲਾਇਆ ਸੀ?**

ਉੱਤਰ - (ੳ) ਉਸ ਦੇ ਪਿਤਾ ਜੀ ਨੇ

(ਅ) ਉਸ ਦੇ ਭਰਾ ਨੇ

(ੲ) ਉਸ ਦੇ ਅਧਿਆਪਕ ਨੇ

(ਸ) ਉਸ ਦੀ ਮਾਂ ਨੇ।

**ਪ੍ਰਸ਼ਨ 12. ਡਾ: ਭੀਮ ਰਾਓ ਨੇ ਮਿਲਟਰੀ ਸਕੱਤਰ ਦੀ ਨੌਕਰੀ ਕਿਉਂ ਛੱਡੀ?**

ਉੱਤਰ - (ੳ) ਜਾਤੀ ਭੇਦ-ਭਾਵ ਕਾਰਨ

(ਅ) ਨੌਕਰੀ ਵਿਚ ਮਨ ਨਾ ਲੱਗਣ ਕਾਰਨ

(ੲ) ਪਰਿਵਾਰਕ ਮਾਹੌਲ ਸੁਖਾਵਾਂ ਨਾ ਹੋਣ ਕਾਰਨ

(ਸ) ਆਪਣੀ ਇੱਛਾ ਨਾਲ ।

**ਪ੍ਰਸ਼ਨ 13. ਮੂਕ ਨਾਇਕ ਅਤੇ ਬਹਿਸ਼ਕ੍ਰਿਤ ਅਖ਼ਬਾਰ ਕਿਸਨੇ ਕੱਢੇ?**

ਉੱਤਰ - (ੳ) ਮਹਾਤਮਾ ਗਾਂਧੀ

(ਅ) ਜੋਤਿਬਾ ਫੂਲੇ

(ੲ) ਪੰਡਤ ਨਹਿਰੂ

(ਸ) ਡਾ: ਭੀਮ ਰਾਓ ਅੰਬੇਦਕਰ ।

**ਪ੍ਰਸ਼ਨ 14. ਡਾਕਟਰ ਭੀਮ ਰਾਓ ਅੰਬੇਦਕਰ ਵਿਧਾਨ ਪ੍ਰੀਸ਼ਦ ਮੁੰਬਈ ਦੇ ਮੈਂਬਰ ਕਦੋਂ ਚੁਣੇ ਗਏ ਸਨ?**

ਉੱਤਰ - (ੳ) 1827

(ਅ) 1927

(ੲ) 1920

(ਸ) 1890

**ਪ੍ਰਸ਼ਨ 15. ਡਾ: ਭੀਮ ਰਾਓ ਅੰਬੇਦਕਰ ਦੇ ਬਾਲ-ਮਨ 'ਤੇ ਇਸ ਗੱਲ ਦਾ ਡੂੰਘਾ ਅਸਰ ਹੋਇਆ ਸੀ?**

ਉੱਤਰ - (ੳ) ਜਾਤੀ ਭੇਦ - ਭਾਵ

(ਅ) ਗਰੀਬੀ

(ੲ) ਮਾਤਾ ਜੀ ਦੇ ਵਿਛੋੜੇ ਦਾ

(ਸ) ਦਹੇਜ ਪ੍ਰਥਾ ਦੀ ਕੁਰੀਤੀ ਦਾ ।

**ਪ੍ਰਸ਼ਨ 16. ਡਾ: ਭੀਮ ਰਾਓ ਅੰਬੇਦਕਰ ਅਕਾਲ ਚਲਾਣਾ ਕਦੋਂ ਕਰ ਗਏ ਸਨ?**

ਉੱਤਰ - (ੳ) 6 ਜਨਵਰੀ 1950

(ਅ) 25 ਅਗਸਤ 1947

(ੲ) 9 ਨਵੰਬਰ 1946

(ਸ) 6 ਦਸੰਬਰ 1956

**ਪ੍ਰਸ਼ਨ 17. ਅਮਰੀਕਾ ਵਿਚ ਭੀਮ ਰਾਓ ਦਾ ਜੀਵਨ ਕਿਹੋ - ਜਿਹਾ ਸੀ?**

ਉੱਤਰ - (ੳ) ਸ਼ਾਹੀ ਠਾਠ - ਬਾਠ ਵਾਲਾ

(ਅ) ਗਰੀਬੀ ਵਾਲਾ

(ੲ) ਅਮੀਰ

(ਸ) ਬਹੁਤ ਹੀ ਸਾਦਾ ।

**ਪ੍ਰਸ਼ਨ 18. ਭਾਰਤ ਦਾ ਸੰਵਿਧਾਨ ਕਦੋਂ ਲਾਗੂ ਕੀਤਾ ਗਿਆ?**

ਉੱਤਰ - (ੳ) 20 ਜਨਵਰੀ 1950

(ਅ) 26 ਜਨਵਰੀ 1950

(ੲ) 26 ਜਨਵਰੀ 1949

(ਸ) 20 ਫਰਵਰੀ 1950 ।

**ਪ੍ਰਸ਼ਨ 19. 'ਭੀਮ ਰਾਓ ਅੰਬੇਦਕਰ' ਸ਼ਬਦ ਨਾਂਵ ਦੀ ਕਿਹੜੀ ਕਿਸਮ ਹੈ?**

ਉੱਤਰ - (ੳ) ਖਾਸ ਨਾਂਵ

(ਅ) ਆਮ ਨਾਂਵ

(ੲ) ਭਾਵਵਾਚਕ ਨਾਂਵ

(ਸ) ਇਕੱਠਵਾਚਕ ਨਾਂਵ ।

**ਪ੍ਰਸ਼ਨ 20. ਭੀਮ ਰਾਓ ਅੰਬੇਦਕਰ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਸੰਯੁਕਤ ਵਾਕ ਦੇ ਅੰਤ ਵਿੱਚ ਕਿਹੜਾ ਚਿੰਨ੍ਹ?**

ਉੱਤਰ - (ੳ) ਕਾਮਾ

(ਅ) ਡੰਡੀ

(ੲ) ਜੋੜਨੀ

(ਸ) ਦੁਬਿੰਦੀ ।

**ਪ੍ਰਸ਼ਨ 21. ਸੁਘੜ - ਸਿਆਣੀ ਔਰਤ ਹੈ। ਇਸ ਵਾਕ ਵਿੱਚ ਕਿੰਨੇ ਵਿਸ਼ਰਾਮ ਚਿੰਨ ਲੱਗੇ ਹਨ?**

ਉੱਤਰ - (ੳ) ਇੱਕ

(ਅ) ਦੋ

(ੲ) ਚਾਰ

(ਸ) ਤਿੰਨ ।

**ਪ੍ਰਸ਼ਨ 22. ਉਹ ਸਵੇਰੇ ਉੱਠ ਕੇ ਪੜ੍ਹਨ ਬੈਠ ਜਾਂਦੇ । ਇਸ ਵਾਕ ਵਿੱਚ ਕਿਰਿਆ ਸ਼ਬਦ ਚੁਣੋ।**

ਉੱਤਰ - (ੳ) ਉਹ

(ਅ) ਉੱਠ ਕੇ

(ੲ) ਸਵੇਰੇ

(ਸ) ਉੱਠ ਕੇ ਬੈਠ ਜਾਂਦੇ ।

**ਪ੍ਰਸ਼ਨ 23. ਹਸ-ਮੁੱਖ ਸ਼ਬਦ ਤੋਂ ਕੀ ਭਾਵ ਹੈ?**

ਉੱਤਰ - (ੳ) ਸੁੰਦਰ

(ਅ) ਖੁਸ਼

(ੲ) ਪੱਕਾ

(ਸ) ਅਨੋਖਾ ।

**ਪ੍ਰਸ਼ਨ 24. 'ਤੂੰ ਆਪਣੇ ਨਾਂ ਨਾਲ ਅੰਬੇਦਕਰ ਲਗਾ ਲੈ' ਇਸ ਵਾਕ ਵਿੱਚ ਪੜਨਾਂਵ ਦੱਸੋ।**

ਉੱਤਰ - (ੳ) ਨਾਲ

(ਅ) ਅੰਬੇਦਕਰ

(ੲ) ਤੂੰ

(ਸ) ਨਾਂ ।

**ਪ੍ਰਸ਼ਨ 25. 'ਔਖਾ' ਸ਼ਬਦ ਦਾ ਵਿਰੋਧੀ ਸ਼ਬਦ ਦਸੋ।**

ਉੱਤਰ - (ੳ) ਗੰਦਾ

(ਅ) ਬੁਰਾ

(ੲ) ਸੌਖਾ

(ਸ) ਸਖ਼ਤ ।

**ਪ੍ਰਸ਼ਨ 26. 'ਲਗਨ' ਸ਼ਬਦ ਦਾ ਸਮਾਨਾਰਥਕ ਸ਼ਬਦ ਦਸੋ।**

ਉੱਤਰ - (ੳ) ਮਿਹਨਤ

(ਅ) ਵਰਖਾ

(ੲ) ਨੀਵਾਂ

(ਸ) ਡੂੰਘਾ ।

**ਪ੍ਰਸ਼ਨ 27. ਹਮੇਸ਼ਾ ਖੁਸ਼ ਰਹਿਣ ਵਾਲਾ ....?**

ਉੱਤਰ - (ੳ) ਮਿੱਠ - ਬੋਲੜਾ

(ਅ) ਹਰਮਨ - ਪਿਆਰਾ

(ੲ) ਹਸ - ਮੁੱਖ

(ਸ) ਸਹਿਣਸ਼ੀਲ ।

**ਪ੍ਰਸ਼ਨ 28. 'ਬਿੰਦੀ ਕਾਮਾ' ਵਿਸ਼ਰਾਮ ਚਿੰਨ੍ਹ ਕਿਹੜਾ ਹੈ?**

ਉੱਤਰ - (ੳ) !

(ਅ) " "

(ੲ) ;

(ਸ) ?

**ਪ੍ਰਸ਼ਨ 29. ਸ਼ੁੱਧ ਰੂਪ ਚੁਣੋ ?**

ਉੱਤਰ - (ੳ) ਕੁਰਿਤੀਆਂ

(ਅ) ਕਿਰਿਤੀਆਂ

(ੲ) ਕਰੀਤੀਆਂ

(ਸ) ਕੁਰੀਤੀਆਂ ।

**ਪ੍ਰਸ਼ਨ 30. 'ਜੱਦੋ - ਜਹਿਦ ਕਰਨਾ' ਮੁਹਾਵਰੇ ਦਾ ਅਰਥ ਦੱਸੋ।**

ਉੱਤਰ - (ੳ) ਕੋਸ਼ਿਸ਼ ਕਰਨਾ

(ਅ) ਮਿਹਨਤ ਕਰਨਾ

(ੲ) ਬਹੁਤ ਕੋਸ਼ਿਸ਼ ਕਰਨਾ

(ਸ) ਵਪਾਰ ਕਰਨਾ ।

ਤਿਆਰ ਕਰਤਾ - ਗੁਰਨਾਮ ਸਿੰਘ ਡੀ.ਐੱਮ.
ਪੰਜਾਬੀ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ।

**ਵਿਸ਼ਾ - ਪੰਜਾਬੀ** **ਪਾਠ - 26** **ਜਮਾਤ - ਛੇਵੀਂ**

# ਫੁੱਲਾਂ ਦਾ ਸੁਨੇਹਾ

**I. ਹੇਠ ਦਿੱਤੀਆਂ ਸਤਰਾਂ ਨੂੰ ਪੜ੍ਹ ਕੇ 1 ਤੋਂ 5 ਤੱਕ ਪ੍ਰਸ਼ਨਾਂ ਦੇ ਉੱਤਰ ਦਿਓ:**

ਮੈਂ ਤਿਤਲੀ ਸੁੰਦਰ ਬਾਗ਼ ਦੀ, ਮੇਰੇ ਫੁੱਲਾਂ ਦੇ ਕਈ ਰੰਗ
ਜਿਉਂ ਚੁੰਨੀਆਂ ਰੰਗ- ਬਰੰਗੀਆਂ, ਕੋਈ ਥਾਂ- ਥਾਂ ਦੇਵੇ ਟੰਗ
ਇਹ ਰੰਗ ਨਹੀਂ ਮੇਰੇ ਆਪਣੇ, ਫੁੱਲਾਂ ਤੋਂ ਲਏ ਨੇ ਮੰਗ
ਮੈਂ ਫੁੱਲਾਂ ਗਿਰਦੇ ਘੁੰਮਦੀ, ਨਿੱਤ ਹੋ ਕੇ ਮਸਤ- ਮਲੰਗ
ਮੈਨੂੰ ਡਰ ਨਹੀਂ ਕਿਸੇ ਵੀ ਹੋਰ ਦਾ, ਮੈਂ ਹੋ ਕੇ ਫਿਰਾਂ ਨਿਸੰਗ
ਰਹੇ ਖਿੜਿਆ ਫੁੱਲ ਹਮੇਸ਼ਾ ਇਹ, ਮੇਰੇ ਦਿਲ ਦੀ ਇਹੋ ਉਮੰਗ।

**ਪ੍ਰਸ਼ਨ 1. ਤਿੱਤਲੀ ਨੇ ਆਪਣੇ ਰੰਗ ਕਿਸ ਤੋਂ ਲਏ ਹਨ?**

ਉੱਤਰ - (ੳ) ਰੰਗਾਂ ਤੋਂ
(ਅ) ਫੁੱਲਾਂ ਤੋਂ
(ੲ) ਫਲਾਂ ਤੋਂ
(ਸ) ਸਬਜੀਆਂ ਤੋਂ।

**ਪ੍ਰਸ਼ਨ 2. ਤਿਤਲੀ ਦੇ ਫੁੱਲਾਂ ਦੇ ਕਿਹੜੇ ਰੰਗ ਹੁੰਦੇ ਹਨ?**

ਉੱਤਰ - (ੳ) ਨੀਲੇ
(ਅ) ਪੀਲੇ
(ੲ) ਕਾਲੇ
(ਸ) ਕਈ ਰੰਗ।

**ਪ੍ਰਸ਼ਨ 3. ਤਿਤਲੀ ਦੇ ਦਿਲ ਦੀ ਉਮੰਗ ਕੀ ਹੈ?**

ਉੱਤਰ - (ੳ) ਫੁੱਲ ਖਿੜਿਆ ਰਹੇ
(ਅ) ਫੁੱਲ ਮਰਝਾ ਜਾਵੇ
(ੲ) ਉਪਰੋਕਤ ਦੋਵੇਂ
(ਸ) ਕੋਈ ਨਹੀਂ।

**ਪ੍ਰਸ਼ਨ 4. ਮੈਂ ਤਿਤਲੀ ਸੁੰਦਰ................. ਦੀ।**

ਉੱਤਰ - (ੳ) ਰਾਗ
(ਅ) ਬਾਗ਼
(ੲ) ਫੁੱਲ
(ਸ) ਪੱਤਾ

**ਪ੍ਰਸ਼ਨ 5. ਤਿਤਲੀ ਫੁੱਲਾਂ ਦੁਆਲੇ ਕਿਵੇਂ ਘੁੰਮਦੀ ਹੈ?**

ਉੱਤਰ - (ੳ) ਮਸਤ ਮਲੰਗ ਹੋ ਕੇ
(ਅ) ਸ਼ਰਮਾ ਕੇ
(ੲ) ਉਪਰੋਕਤ ਦੋਵੇਂ
(ਸ) ਕੋਈ ਨਹੀਂ।

**II. ਹੇਠ ਦਿੱਤੀਆਂ ਸਤਰਾਂ ਨੂੰ ਪੜ੍ਹ ਕੇ 1 ਤੋਂ 5 ਤੱਕ ਪ੍ਰਸ਼ਨਾਂ ਦੇ ਉੱਤਰ ਦਿਓ:**

ਮੈਂ ਭੌਰਾ ਸੁੰਦਰ ਬਾਗ਼ ਦਾ, ਮੇਰਾ ਫੁੱਲਾਂ ਨਾਲ ਪਿਆਰ
ਮੇਰੇ ਸਾਹਾਂ ਅੰਦਰ ਮਹਿਕਦੀ, ਇਹਨਾਂ ਫੁੱਲਾਂ ਜਿਹੀ ਬਹਾਰ
ਮੈਂ ਪੀ- ਪੀ ਰਸ ਜਿਊਂਦਾ, ਮੈਨੂੰ ਚੜਿਆ ਰਹੇ ਖ਼ੁਮਾਰ
ਇਹਨਾਂ ਫੁੱਲਾਂ ਕਰਕੇ ਜਾਪਦਾ, ਮੈਨੂੰ ਸੁੰਦਰ ਸਭ ਸੰਸਾਰ
ਨਿੱਤ ਰਾਗ ਸੁਣਾਵਾਂ ਇਹਨਾਂ ਨੂੰ, ਮੈਂ ਛੇੜ ਕੇ ਦਿਲ ਦੀ ਤਾਰ
ਮੈਂ ਨੌਕਰ ਬਿਨ ਤਨਖ਼ਾਹ ਦੇ, ਇਹਨਾਂ ਫੁੱਲਾਂ ਦੇ ਦਰਬਾਰ।

**ਪ੍ਰਸ਼ਨ 6. ਭੌਰੇ ਦਾ ਸਭ ਤੋਂ ਵੱਧ ਪਿਆਰ ਕਿਸ ਨਾਲ ਹੈ?**

ਉੱਤਰ - (ੳ) ਪੰਛੀਆਂ ਨਾਲ
(ਅ) ਜਾਨਵਰਾਂ ਨਾਲ
(ੲ) ਦਰੱਖਤਾਂ ਨਾਲ
(ਸ) ਫੁੱਲਾਂ ਨਾਲ।

**ਪ੍ਰਸ਼ਨ 7. ਭੌਰਾ ਫੁੱਲਾਂ ਨੂੰ ਕੀ ਸੁਣਾਉਂਦਾ ਹੈ ?**

ਉੱਤਰ - (ੳ) ਰਾਗ
(ਅ) ਬੋਲੀ
(ੲ) ਕਵਿਤਾ
(ਸ) ਕਹਾਣੀ।

**ਪ੍ਰਸ਼ਨ 8. ਬਿਨਾਂ ਤਨਖਾਹ ਦਾ ਨੌਕਰ ਕੌਣ ਹੈ?**

ਉੱਤਰ - (ੳ) ਤਿਤਲੀ
(ਅ) ਭੌਰਾ
(ੲ) ਫੁੱਲ
(ਸ) ਸੁੰਦਰੀ।

**ਪ੍ਰਸ਼ਨ 9. ਭੌਰੇ ਨੂੰ ਰਸ ਪੀ ਕੇ ਕੀ ਚੜ੍ਹਿਆ ਰਹਿੰਦਾ ਹੈ?**

ਉੱਤਰ - (ੳ) ਖ਼ੁਮਾਰ
(ਅ) ਸੰਸਾਰ
(ੲ) ਦੋਵੇਂ
(ਸ) ਕੋਈ ਨਹੀਂ।

**ਪ੍ਰਸ਼ਨ 10. ਮੇਰਾ ਫੱਲਾਂ ਨਾਲ............।**

ਉੱਤਰ - (ੳ) ਪਿਆਰ
(ਅ) ਬਹਾਰ
(ੲ) ਭੰਡਾਰ
(ਸ) ਗੁਲਜ਼ਾਰ।

**ਪ੍ਰਸ਼ਨ 11. 'ਉਮੰਗ' ਸ਼ਬਦ ਦਾ ਕੀ ਅਰਥ ਹੈ?**

ਉੱਤਰ - (ੳ) ਮਸਤੀ

(ਅ) ਮਨਮੌਜੀ

(ੲ) ਇੱਛਾ

(ਸ) ਬੇਪਰਵਾਹ।

**ਪ੍ਰਸ਼ਨ 12. 'ਦੁਸ਼ਮਣ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ?**

ਉੱਤਰ - (ੳ) ਮਿੱਤਰ

(ਅ) ਵੈਰੀ

(ੲ) ਵਿਰੋਧੀ

(ਸ) ਗੈਰ।

**ਪ੍ਰਸ਼ਨ 13. 'ਸੁੰਦਰ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ।**

ਉੱਤਰ - (ੳ) ਗੰਦਾ

(ਅ) ਬਦਸੂਰਤ

(ੲ) ਸੋਹਣਾ

(ਸ) ਬੇਸ਼ਕਲ।

**ਪ੍ਰਸ਼ਨ 14. 'ਸੰਸਾਰ' ਸ਼ਬਦ ਦਾ ਕੀ ਅਰਥ ਹੈ?**

ਉੱਤਰ - (ੳ) ਦੁਨੀਆਂ

(ਅ) ਮੁੰਡਾ

(ੲ) ਕੁੜੀ

(ਸ) ਖੇਤ।

**ਪ੍ਰਸ਼ਨ 15. 'ਮੈਂ ਰਸ ਪੀ ਕੇ ਜਿਉਂਦਾ ਹਾਂ' ਇਸ ਵਾਕ ਵਿੱਚੋਂ ਪੜਨਾਂਵ ਚੁਣੋ।**

ਉੱਤਰ - (ੳ) ਰਸ

(ਅ) ਮੈਂ

(ੲ) ਜਿਉਂਦਾ

(ਸ) ਕੋਈ ਨਹੀਂ।

**ਪ੍ਰਸ਼ਨ 16. 'ਜਾਗਣਾ' ਦਾ ਵਿਰੋਧੀ ਸ਼ਬਦ ਚੁਣੋ।**

ਉੱਤਰ - (ੳ) ਸੌਣਾ

(ਅ) ਦੌੜਨਾ

(ੲ) ਖਾਣਾ

(ਸ) ਅਰਾਮ ਕਰਨਾ।

**ਪ੍ਰਸ਼ਨ 17. 'ਕੰਤ' ਸ਼ਬਦ ਦਾ ਕੀ ਅਰਥ ਹੈ?**

ਉੱਤਰ - (ੳ) ਭਰਾ

(ਅ) ਪਤਨੀ

(ੲ) ਪਤੀ

(ਸ) ਪਿਓ।

**ਪ੍ਰਸ਼ਨ 18. 'ਜੰਗ' ਸ਼ਬਦ ਦਾ ਸਮਾਨਾਥਕ ਸ਼ਬਦ ਚੁਣੋ।**

ਉੱਤਰ - (ੳ) ਲੜਾਈ

(ਅ) ਸਾਂਤੀ

(ੲ) ਹੱਸਣਾ

(ਸ) ਰੋਣਾ।

**ਪ੍ਰਸ਼ਨ 19. ਸ਼ੁੱਧ ਰੂਪ ਚੁਣੋ।**

ਉੱਤਰ - (ੳ) ਭੁਰਾ

(ਅ) ਭੋਰਾ

(ੲ) ਭੌਰਾ

(ਸ) ਭੀਰਾ।

**ਪ੍ਰਸ਼ਨ 20. 'ਪਿਆਰ' ਸ਼ਬਦ ਨਾਂਵ ਦੀ ਕਿਹੜੀ ਕਿਸਮ ਹੈ?**

ਉੱਤਰ - (ੳ) ਆਮ ਨਾਂਵ

(ਅ) ਵਸਤੂਵਾਚਕ ਨਾਂਵ

(ੲ) ਇਕੱਠਵਾਚਕ ਨਾਂਵ

(ਸ) ਭਾਵਵਾਚਕ ਨਾਂਵ।

## III. ਵਾਕਾਂ ਵਿੱਚ ਵਰਤੋ :

1. ਸੁੰਦਰ (ਸੋਹਣਾ, ਖ਼ੂਬਸੂਰਤ) - ਮੇਰਾ ਸਕੂਲ ਬਹੁਤ ਸੁੰਦਰ ਹੈ।
2. ਸੰਸਾਰ (ਜਗਤ,ਜਹਾਨ,ਦੁਨੀਆ) - ਸੰਸਾਰ ਦੁੱਖਾਂ-ਸੁੱਖਾਂ ਦਾ ਘਰ ਹੈ।
3. ਮਿੱਤਰ (ਸਾਥੀ,ਯਾਰ,ਬੇਲੀ) - ਸਾਹਿਲ ਮੇਰਾ ਪੱਕਾ ਮਿੱਤਰ ਹੈ।
4. ਭੰਡਾਰ (ਗੁਦਾਮ,ਜ਼ਖੀਰਾ) - ਪੰਜਾਬ ਰਾਜ ਵਿੱਚ ਅਨਾਜ ਦੇ ਭੰਡਾਰ ਹਮੇਸ਼ਾਂ ਭਰੇ ਰਹਿੰਦੇ ਹਨ।
5. ਵਚਨ (ਵਾਅਦਾ,ਕੌਲ,ਇਕਰਾਰ) - ਮੈਂ ਪ੍ਰੀਤਮ ਨੂੰ ਵਿਆਹ ਵਿੱਚ ਉਸਦੀ ਮਦਦ ਕਰਨ ਦਾ ਵਚਨ ਦਿੱਤਾ।

**ਉੱਤਰ ਕੁੰਜੀ -**

1(ਅ)2(ਸ)3(ੳ)4(ਅ)5(ੳ)6(ਸ)7(ੳ)8(ਅ)9(ੳ)10(ੳ)11(ੲ)12(ੳ)13(ੲ)14(ੳ)15(ਅ)16(ੳ)17(ੲ)
18(ੳ)19(ੲ)20(ਸ)

ਗੁਰਦੀਪ ਸਿੰਘ ਪੰਜਾਬੀ ਮਾਸਟਰ ਸਸਸਸ
ਕੋਟਲੀ ਅਬਲੂ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ।